ਪੰਜਾਬੀ ਵਿਕਾਸ ਮੰਚ, ਯੂਕੇ

# ਪੰਜਾਬੀ ਭਾਸ਼ਾ ਦਾ ਆਧੁਨਿਕ ਵਿਕਾਸ

# ਪ੍ਰਵਾਸੀ ਪੰਜਾਬੀ ਪ੍ਰਤਿਨਿਧ ਮੰਡਲ ਦੀ ਪੰਜਾਬ ਫੇਰੀ

## ਨਵੰਬਰ - ਦਸੰਬਰ 2022

ਪਵਿਮ/ਫੇਮ-501/ਸੰਸ01



# 1 ਭੂਮਿਕਾ

ਪੰਜਾਬ ਦੀ ਹੀ ਨਹੀਂ, ਬਲਕਿ ਸਮੁੱਚੇ ਭਾਰਤ ਦੀ ਭਾਸ਼ਾ ਸਮੱਸਿਆ ਬੜੀ ਪੁਰਾਣੀ ਹੈ। ਬੜਾ ਪੁਰਾਣਾ ਸਿਲਸਿਲਾ ਹੈ ਸਾਡੇ ਵਿੱਚ ਇਸ ਨੂੰ ਹੱਲ ਕਰਨ ਦੀ ਅਸਮਰੱਥਾ ਦਾ। ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਮਾਯੂਸੀ ਅਤੇ ਤਲਖ਼ੀ ਜ਼ਾਹਰ ਕਰਦੇ ਹੋਏ ਕਿਹਾ ਸੀ,

> "ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
> ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥"

ਅੱਜ ਸਦੀਆਂ ਬਾਅਦ ਵੀ ਪੰਜਾਬੀ ਭਾਸ਼ਾ ਦੀ ਇਹ ਨਿੱਘਰ ਰਹੀ ਹਾਲਤ ਉਸੇ ਤਰ੍ਹਾਂ ਬਰਕਰਾਰ ਹੈ। ਜ਼ਰਾ ਡੂੰਘੀ ਝਾਤ ਪਾਇਆਂ ਇਹ ਪ੍ਰਤੱਖ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀਆਂ ਨੇ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ। ਪੁਰਾਣੇ ਸਮਿਆਂ ਵਿੱਚ ਤਾਂ ਸਾਡੀ ਭਾਸ਼ਾ ਅਤੇ ਧਰਮ ਦੀ ਦੁਰਗਤਿ ਉਨ੍ਹਾਂ ਵੇਲਿਆਂ ਦੇ ਵਿਦੇਸ਼ੀ ਧਾੜਵੀ ਕਰਦੇ ਹੋਣਗੇ ਪਰ ਅਜੋਕੇ ਸਮੇਂ ਵਿੱਚ ਦੇਖਿਆ ਜਾਵੇ ਤਾਂ ਇਸ ਦੇ ਕਸੂਰਵਾਰ ਪੰਜਾਬੀ ਆਪ ਹਨ। ਪੰਜਾਬੀ ਦੇ ਆਪਣੇ ਦੇਸ਼ ਵਿੱਚ ਥਾਂ ਥਾਂ 'ਤੇ ਅੰਗਰੇਜ਼ੀ ਵਾਲ਼ੇ ਕਾਨਵੈਂਟ ਸਕੂਲਾਂ ਦੀ ਭਰਮਾਰ ਹੈ। ਅੰਗਰੇਜ਼ੀ ਮਾਧਿਅਮ ਦਾ ਗ਼ਲਬਾ ਸਿੱਖਿਆ ਸਮੇਤ ਸਮਾਜ ਦੇ ਹਰ ਪੱਧਰ 'ਤੇ ਹਾਵੀ ਹੈ। 'ਧਰਮ ਪਰਿਵਰਤਨ' ਅਤੇ 'ਮਾਨਸਿਕ ਪਰਿਵਰਤਨ' ਜ਼ੋਰਾਂ ਸ਼ੋਰਾਂ 'ਤੇ ਹੈ। ਸਮੁੱਚਾ ਸਮਾਜ, ਸਾਰਾ ਦੇਸ਼ ਇਸ ਸ੍ਵੈਨਾਸ਼ ਅਤੇ ਸ੍ਵੈ-ਅਪਮਾਨ ਵਿੱਚ ਬਾਵਲਾ ਹੋਇਆ ਗੁਮਾਨ ਮਹਿਸੂਸ ਕਰਦਾ ਹੈ।

ਭਾਰਤ ਨੂੰ ਆਜ਼ਾਦ ਹੋਇਆਂ ਲਗਭਗ ਪੰਝੱਤਰ ਸਾਲ ਹੋ ਚੁੱਕੇ ਹਨ। ਆਜ਼ਾਦੀ ਘੁਲਾਟੀਆਂ ਨੇ 'ਸੰਪੂਰਨ' ਆਜ਼ਾਦੀ ਦਾ ਸੁਪਨਾ ਲਿਆ ਸੀ ਜੋ ਸਿਰਫ ਜਿਸਮਾਨੀ ਆਜ਼ਾਦੀ ਤਕ ਹੀ ਸੀਮਤ ਨਹੀਂ ਸੀ। ਮਾਨਸਿਕ ਆਜ਼ਾਦੀ ਵੀ ਉਨ੍ਹਾਂ ਦਾ ਪਵਿੱਤਰ ਮਨੋਰਥ ਸੀ। ਇੱਕ ਹਜ਼ਾਰ ਸਾਲ ਦੀ ਮਾਨਸਿਕ ਗੁਲਾਮੀ ਨੇ ਭਾਰਤੀਆਂ ਨੂੰ ਹੀਣ ਭਾਵਨਾ ਨਾਲ਼ ਭਰ ਰੱਖਿਆ ਸੀ। ਇਹ ਆਪਣਾ ਬੌਧਕ ਵਿਰਸਾ ਅਤੇ ਪਰੰਪਰਾ ਵਿਸਾਰ ਚੁੱਕੇ ਸਨ, ਆਪਣੀਆਂ ਭਾਸ਼ਾਵਾਂ ਤੋਂ ਬੇਮੁੱਖ ਹੋ ਚੁੱਕੇ ਸਨ।

ਇਹ ਸਿਲਸਿਲਾ ਅੱਜ ਵੀ ਜਾਰੀ ਹੈ ਜੋ ਬੇਹੱਦ ਖ਼ਤਰਨਾਕ ਅਤੇ ਘਾਤਕ ਰੂਪ ਧਾਰਨ ਕਰ ਚੁੱਕਾ ਹੈ। ਵਿਆਪਕ ਪੱਧਰ 'ਤੇ ਪੰਜਾਬੀ ਆਪੇ ਤੋਂ ਦੂਰ ਹੀ ਨਹੀਂ ਹੋਏ ਬਲਕਿ ਸ੍ਵੈਨਾਸ ਵਿੱਚ ਰੁਚਿਤ ਅਤੇ ਮਗਨ ਹੋ ਗਏ ਅਤੇ ਅੱਜ ਵੀ ਹਨ। ਸਾਡੇ ਵਿੱਦਿਅਕ ਅਦਾਰੇ ਆਤਮ ਘਿਰਣਾ ਕਰਨੀ ਸਿਖਾਉਂਦੇ ਹਨ। ਪਰਾਏ ਮਜ਼ਹਬੀ ਗਰੋਹਾਂ, ਨਿੱਜੀ ਵਪਾਰੀਆਂ ਅਤੇ ਅਖੌਤੀ ਸਮਾਜ ਸੇਵੀ ਠੇਕੇਦਾਰਾਂ ਨੇ 'ਅਧੁਨਿਕ' ਸਿੱਖਿਆ ਦੀਆਂ ਮੰਡੀਆਂ ਖੋਲ੍ਹ ਕੇ 'ਵਿਅਕਤੀਤਵ ਪਰਿਵਰਤਨ' ਦਾ ਧੰਦਾ ਸ਼ੁਰੂ ਕੀਤਾ ਹੋਇਆ ਹੈ। ਪਰਾਈ ਭਾਸ਼ਾ ਅੰਗਰੇਜ਼ੀ ਦਾ ਭੂਤ ਜੋ ਮੁੱਠੀ ਭਰ ਆਂਗਲੋ ਭਾਰਤੀਆਂ ਦੇ ਮਨਾਂ ਤੱਕ ਹੀ ਸੀਮਤ ਸੀ ਅੱਜ ਇਹ ਆਮ ਅਤੇ ਲਾਇਲਾਜ ਬੀਮਾਰੀ ਬਣ ਚੁੱਕੀ ਹੈ। 'ਮਾਡਰਨ' ਸਿੱਖਿਆ ਦਾ ਢੌਂਗ ਰਚਾ ਕੇ ਮਾਤ ਭਾਸ਼ਾ ਨੂੰ ਵੱਡੇ ਪੈਮਾਨੇ ਤੇ ਖੋਰਾ ਲਾਇਆ ਜਾ ਰਿਹਾ ਹੈ। ਭਾਸ਼ਾ ਦੇ ਅਰਥਾਂ ਅਤੇ ਇਸਦੀ ਪਵਿੱਤਰਤਾ ਨੂੰ ਸਮਝ ਕੇ ਇਸ ਰੁਝਾਨ ਨੂੰ ਥੰਮਣ ਦੀ ਸਖਤ ਲੋੜ ਅਤੇ ਇਹ ਹਰ ਪਵਿੱਤਰ ਪੰਜਾਬੀ ਦਾ ਧਰਮ ਹੈ।

**'ਭਾਸ਼ਾ' ਨੂੰ ਸਮਝਣਾ**

ਭਾਸ਼ਾ ਦੀ ਅਸਲੀ ਵਿਸ਼ੇਸ਼ਤਾ ਬਾਰੇ ਬਹੁਤ ਸਾਰੇ ਵਹਿਮ ਭਰਮ ਫੈਲਾਏ ਜਾ ਰਹੇ ਹਨ। ਆਮ ਕਰਕੇ ਇਸ ਨੂੰ ਸਿਰਫ ਸੰਚਾਰ ਅਤੇ ਸੰਵਾਦ ਦਾ ਸਾਧਨ ਹੀ ਮੰਨਿਆ ਜਾਂਦਾ ਹੈ। ਅਸੀਂ ਬੋਲ ਕੇ, ਲਿਖ ਕੇ ਜਾਂ ਇਸ਼ਾਰਿਆਂ ਨਾਲ ਆਪਸ ਵਿੱਚ ਸੰਚਾਰ ਕਰਦੇ ਹਾਂ। ਸੰਚਾਰ ਦੀ ਇਹ ਪ੍ਰਕਿਰਿਆ ਸਿਰਫ ਆਦਮੀ ਵਿੱਚ ਹੀ ਨਹੀਂ ਬਲਕਿ ਹੋਰ ਪਸ਼ੂ ਪੰਛੀ ਜਗਤ ਵਿੱਚ ਵੀ ਪਾਈ ਜਾਂਦੀ ਹੈ। ਸ਼ੇਰ ਦੀ ਬੜ੍ਹਕ, ਚਿੜੀ ਦੀ ਚੀਂ ਚੀਂ ਅਤੇ ਕੁੱਤੇ ਦਾ ਭੌਂਕਣਾ ਇੱਥੋਂ ਤੱਕ ਕਿ ਬੀਂਡੇ ਦਾ ਅਲਾਪ ਵੀ ਵੱਖ ਵੱਖ ਸੁਨੇਹਿਆਂ ਦੇ ਪ੍ਰਤੀਕ ਹਨ। ਭਾਵੇਂ ਇਹ ਇੱਕ ਕਿਸਮ ਦਾ ਬੁਨਿਆਦੀ, (ਤਨਮਾਤ੍ਰ) ਆਵਾਜ਼ ਦੇ ਜ਼ਰੀਏ, ਸੰਚਾਰ ਕਰਨ ਦਾ ਸਾਧਨ ਹੈ, ਪਰ ਇਸ ਨੂੰ 'ਭਾਸ਼ਾ' ਨਹੀਂ ਕਿਹਾ ਜਾ ਸਕਦਾ।

"ਭਾਸ਼ਾ" ਕੇਵਲਮਾਤ੍ਰ ਇਨਸਾਨ ਦੁਆਰਾ ਵਿਕਸਤ ਉਹ ਵਿਲੱਖਣ ਸਾਧਨ ਹੈ ਜੋ ਇੱਕ ਸਾਥ 'ਸੰਚਾਰ' ਦੇ ਨਾਲ਼ ਨਾਲ਼ 'ਚਿੰਤਨ' ਦਾ ਸਾਧਨ ਵੀ ਬਣਦਾ ਹੈ। ਚਿੰਤਨ ਮੰਥਨ ਪ੍ਰਕਿਰਿਆ ਵਿਲੱਖਣ ਤੌਰ 'ਤੇ ਮਨੁੱਖ ਦਾ ਆਵੱਸ਼ਕ ਗੁਣਧਰਮ ਹੈ। ਮਨੁੱਖੀ ਕਲਪਨਾ ਸ਼ਕਤੀ ਦੁਆਰਾ ਪੈਦਾ ਕੀਤੇ 'ਸੰਕਲਪ' ਇਸ ਪ੍ਰਕਿਰਿਆ ਨੂੰ ਸਾਰਥਕ ਬਣਾਉਂਦੇ ਹਨ। ਭਾਸ਼ਾ ਇਨ੍ਹਾਂ ਸੰਕਲਪਾਂ ਨੂੰ ਠੋਸ ਰੂਪ

ਪ੍ਰਦਾਨ ਕਰਦੀ ਹੋਈ ਇਨ੍ਹਾਂ ਵਿੱਚ ਸੰਬੰਧ ਸਥਾਪਤ ਕਰਕੇ 'ਚਿੰਤਨ ਪ੍ਰਵਾਹ' ਪੈਦਾ ਕਰਦੀ ਹੈ। ਇਹ ਪ੍ਰਵਾਹ, ਸੰਕਲਪਾਂ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਨ ਨਾਲ ਸਮਰੱਥ ਹੁੰਦਾ ਹੈ। ਸੰਕਲਪਾਂ ਨੂੰ ਘੜਨਾ ਅਤੇ ਗ੍ਰਹਿਣ ਕਰਨਾ ਉਸ ਭਾਸ਼ਾ ਦੁਆਰਾ ਸੰਭਵ ਹੁੰਦਾ ਹੈ ਜਿਸ ਨੂੰ ਅਸੀਂ 'ਮਾਤ-ਭਾਸ਼ਾ' ਕਹਿੰਦੇ ਹਾਂ। ਇਹ 'ਮਾਤ ਭਾਸ਼' ਸਾਰੀ ਉਮਰ ਮਨੁੱਖ ਦੇ ਨਾਲ ਰਹਿੰਦੀ ਹੋਈ ਸੋਚ ਦਾ ਸਾਧਨ ਬਣ ਕੇ ਉਸ ਨੂੰ ਚਿੰਤਕ, ਵਿਦਵਾਨ, ਦਾਰਸ਼ਨਿਕ ਅਤੇ ਵਿਗਿਆਨੀ ਬਣਾਉਂਦੀ ਹੈ। ਇਸ ਤਰ੍ਹਾਂ ਮਨੁੱਖ, ਮਾਤ ਭਾਸ਼ਾ ਦੇ ਸਹਾਰੇ ਨਵੀਂ ਸੋਚ, ਨਵਾਂ ਵਿਗਿਆਨ ਪੈਦਾ ਕਰਕੇ ਦੂਜਿਆਂ ਨਾਲ ਸਾਂਝਾ ਕਰਦਾ ਹੈ। ਇਹ ਸਾਂਝ ਸ਼ੁਰੂ ਵਿੱਚ ਮਾਤ ਭਾਸ਼ਾ ਦੁਆਰਾ ਅਤੇ ਬਾਅਦ ਵਿੱਚ ਕਿਸੇ ਵੀ ਪਰਾਈ ਭਾਸ਼ਾ ਵਿੱਚ ਕੀਤੇ ਜਾਣ ਦੇ ਕਾਬਲ ਹੁੰਦੀ ਹੈ। ਪ੍ਰੰਤੂ ਮੌਲਕ ਕਲਪਨਾਸ਼ੀਲ ਸੰਕਲਪਨਾਤਮਕ ਸੋਚ ਕੇਵਲਮਾਤ੍ਰ ਮਾਤ ਭਾਸ਼ਾ ਹੀ ਪੈਦਾ ਕਰਦੀ ਹੈ। ਭਾਸ਼ਾ ਦੀ ਇਹ ਅਟੱਲ ਸਚਾਈ ਸਾਨੂੰ ਲਾਜ਼ਮੀ ਸਵੀਕਾਰ ਕਰਨੀ ਪਵੇਗੀ।

ਯੂਰਪ ਨੇ ਇਸ ਸਚਾਈ ਨੂੰ ਤਿੰਨ ਸਦੀਆਂ ਪਹਿਲਾਂ ਪਛਾਣਿਆ ਅਤੇ ਵਿੱਦਿਅਕ ਸੰਸਥਾਵਾਂ ਵਿੱਚ 'ਲਤੀਨੀ' ਭਾਸ਼ਾ ਦੀ ਸਰਦਾਰੀ ਦੀ ਥਾਂ ਮਾਤ-ਭਾਸ਼ਾਵਾਂ ਨੂੰ ਪਹਿਲ ਦਿੱਤੀ ਅਤੇ ਯੂਰਪ ਦੇ ਦੇਸ਼ ਵਿਗਿਆਨ ਅਤੇ ਤਕਨੀਕ ਵਿੱਚ ਤਰੱਕੀ ਕਰਨ ਲੱਗੇ। ਜੇਕਰ ਕਿਸੇ ਦੇਸ਼ ਜਾਂ ਕੌਮ ਦਾ ਵਿੱਦਿਅਕ ਤੰਤਰ ਅਤੇ ਢਾਂਚਾ ਇਸ ਸਚਾਈ ਉੱਪਰ ਸਥਾਪਤ ਨਹੀਂ ਕੀਤਾ ਜਾਂਦਾ ਤਾਂ ਉਹ ਦੇਸ਼ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਇਸ ਵੇਲੇ ਭਾਰਤ ਦੀ ਸਿੱਖਿਆ ਪ੍ਰਣਾਲੀ ਦਾ ਇਹੋ ਮਹਾਂ ਸਦਮਾ ਹੈ ਜੋ ਮਾਤ ਭਾਸ਼ਾ ਨੂੰ 'ਸਿੱਖਿਆ ਦਾ ਮਾਧਿਅਮ' ਬਣਾਉਣ ਤੋਂ ਅਸਮਰੱਥ ਰਿਹਾ ਹੈ। ਵਰਤਮਾਨ ਸਿੱਖਿਆ ਦੇ ਸੰਕਟ ਨੂੰ ਦੂਰ ਕਰਨ ਲਈ ਇਹ ਕੌੜੀ ਸਚਾਈ ਸਮਝਣ ਦੀ ਅਤਿ ਜ਼ਰੂਰਤ ਹੈ।

**ਪੰਜਾਬ ਦੀ ਸਿਖਿਆ ਪ੍ਰਣਾਲੀ**

ਅਜੋਕੇ ਭਾਰਤ ਦੀ ਸਿੱਖਿਆ ਪ੍ਰਣਾਲੀ ਅੰਗਰੇਜ਼ੀ ਸਾਮਰਾਜ ਦੀ ਦੇਣ ਹੈ। ਅੰਗਰੇਜ਼ੀ ਮਾਧਿਅਮ ਰਾਹੀਂ ਇਸ ਦੀ ਰਚਨਾ ਬਰਤਾਨਵੀ ਸਾਮਰਾਜੀ ਸ਼ਾਸਕਾਂ ਨੇ ਆਪਣੇ ਫਾਇਦੇ ਲਈ ਕੀਤੀ ਸੀ ਤਾਂ ਜੋ ਇੱਕ ਇਹੋ ਜਿਹੀ ਜਮਾਤ ਪੈਦਾ ਕੀਤੀ ਜਾ ਸਕੇ ਜੋ ਬਰਤਾਨਵੀ ਸਾਮਰਾਜ ਲਈ ਕਲਰਕਾਂ ਅਤੇ ਮੁਨਸ਼ੀਆਂ ਦੀ ਸ਼ਕਲ ਵਿੱਚ ਦੋ-ਭਾਸ਼ੀਆਂ ਦਾ ਕੰਮ ਕਰੇ। ਆਜ਼ਾਦ ਭਾਰਤ ਨੂੰ ਇਸ ਬਿਮਾਰੀ ਤੋਂ ਛੁਟਕਾਰਾ ਲੈਂਦੇ ਹੋਏ 'ਭਾਰਤੀ ਸਿੱਖਿਆ ਪ੍ਰਣਾਲੀ' ਭਾਰਤੀ ਲੋੜਾਂ ਮੁਤਾਬਕ ਦੁਬਾਰਾ ਸਿਰਜਣ ਦੀ ਲੋੜ ਹੈ। ਇਸ ਕਾਰਜ ਦਾ ਪਹਿਲਾ ਅਤੇ ਲਾਜ਼ਮੀ ਕਦਮ ਮਾਤ ਭਾਸ਼ਾ ਨੂੰ "ਸਿੱਖਿਆ ਦਾ ਮਾਧਿਅਮ" ਬਣਾਉਣਾ ਹੈ। ਇਸ ਦੇ ਨਾਲ ਨਾਲ ਸਮੁੱਚੇ ਪ੍ਰਸ਼ਾਸਨ ਅਤੇ ਸਰਕਾਰੀ ਕਾਰਗੁਜ਼ਾਰੀ ਵਿੱਚ ਸੰਪੂਰਨ ਤੌਰ ਤੇ ਮਾਤ ਭਾਸ਼ਾ ਨੂੰ ਲਾਗੂ ਕਰਨਾ ਹੈ।

ਕਿਉਂਕਿ ਆਜ਼ਾਦੀ ਦੇ ਪੰਝੱਤਰ ਸਾਲਾਂ ਵਿੱਚ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਭਾਰਤ ਦਾ ਰਾਜਨੀਤਕ ਢਾਂਚਾ ਬੁਰੀ ਤਰ੍ਹਾਂ ਅਸਫ਼ਲ ਰਿਹਾ ਹੈ, ਇਸ ਲਈ ਆਜ਼ਾਦੀ ਦੀ ਮੂਲ ਰੂਹ ਨੂੰ ਪੁਨਰ ਜਾਗਰਤ ਕਰਨ ਦੀ ਸਖ਼ਤ ਲੋੜ ਹੈ। ਪਰਵਾਸੀ ਪੰਜਾਬੀ ਪ੍ਰਤੀਨਿਧ ਮੰਡਲ ਦਾ ਮੁੱਖ ਮਨੋਰਥ ਵੀ ਇਹੋ ਹੋਵੇਗਾ।

## 2 ਪ੍ਰਤੀਨਿਧ ਮੰਡਲ ਦੇ ਲਕਸ਼ ਅਤੇ ਉਦੇਸ਼

ਪਰਵਾਸੀ ਪੰਜਾਬੀ ਬੁੱਧੀਜੀਵੀਆਂ ਦਾ ਇਹ ਪ੍ਰਤੀਨਿਧ ਮੰਡਲ ਆਪਣੇ ਪਰਵਾਸੀ (ਯੂਰਪੀ) ਤਜਰਬੇ ਨੂੰ ਮੁੱਖ ਰੱਖਦੇ ਹੋਏ ਪੰਜਾਬ ਦਾ ਦੌਰਾ ਕਰੇਗਾ ਅਤੇ ਸਬੰਧਤ ਅਧਿਕਾਰੀਆਂ ਅਤੇ ਰਾਜਨੀਤਕ ਆਗੂਆਂ ਨਾਲ ਇਸ ਮਹੱਤਵਪੂਰਨ ਵਿਸ਼ੇ ਤੇ ਪਰਿਵਰਤਨਸ਼ੀਲ ਵਿਚਾਰ ਵਿਮਰਸ਼ ਕਰੇਗਾ। ਇਸ ਦੀਆਂ ਸਰਗਰਮੀਆਂ ਨਿਮਨਲਿਖਤ ਵਿਸ਼ਿਆਂ ਤੱਕ ਸੀਮਤ ਨਾ ਰਹਿੰਦੀਆਂ ਹੋਈਆਂ ਇਸ ਪ੍ਰਕਾਰ ਹੋਣਗੀਆਂ:

- ਪੰਜਾਬ ਰਾਜ ਪ੍ਰਸ਼ਾਸਨ ਅਤੇ ਸਿੱਖਿਆ ਖੇਤ੍ਰ ਵਿੱਚ ਪੰਜਾਬੀ ਭਾਸ਼ਾ ਦੀ ਵਰਤਮਾਨ ਦਸ਼ਾ ਬਾਰੇ ਤੱਥ ਇਕੱਠੇ ਕਰਨਾ,
- ਪੰਜਾਬ ਰਾਜ ਭਾਸ਼ਾ ਕਾਨੂੰਨ ਲਾਗੂ ਕਰਨ ਦੇ ਰਾਹ ਦੀਆਂ ਚਣੌਤੀਆਂ ਬਾਰੇ ਜਾਣਕਾਰੀ ਹਾਸਲ ਕਰਨਾ,
- ਪੰਜਾਬੀ ਯੂਨੀਵਰਸਿਟੀ ਪਟਿਆਲਾ (ਪੰਯੂਪ) ਦੀ ਸਥਾਪਨਾ ਨਾਲ ਸ਼ੁਰੂ ਕੀਤੀ "ਸਿੱਖਿਆ ਮਾਧਿਅਮ ਪਰਿਵਰਤਨ" ਦੀ ਮੁਹਿੰਮ ਅਸਫਲ ਕਿਉਂ ਰਹੀ? ਇਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕਰਨਾ,
- ਭਾਸ਼ਾ ਦੇ ਵਿਸ਼ੇ 'ਤੇ ਪਰਵਾਸੀ ਪੰਜਾਬੀ ਤਜਰਬੇ ਤੋਂ ਕੀ ਸਿੱਖਿਆ ਜਾ ਸਕਦਾ ਹੈ? – 'ਪਰਵਾਸੀ ਪੰਜਾਬੀ' ਸਹਿਯੋਗ ਦੀ ਗੁੰਜਾਇਸ਼ ਅਤੇ ਸੰਭਾਵਨਾਵਾਂ ਬਾਰੇ ਪਤਾ ਲਗਾਉਣਾ,

ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਲੈ ਕੇ ਦੋ ਪ੍ਰਮੁੱਖ ਮਨੋਰਥ ਹੋਣਗੇ,

1. **ਪੰਜਾਬ ਪ੍ਰਸ਼ਾਸਨ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਅਤੇ ਲਾਗੂ ਕਰਨ ਦੀਆਂ ਮੁਸ਼ਕਲਾਂ ਦਾ ਸਮਾਧਾਨ,**
2. **ਸਿੱਖਿਆ ਪ੍ਰਣਾਲੀ ਵਿੱਚ 'ਮਾਧਿਅਮ ਪਰਿਵਰਤਨ' ਲਈ ਲੋੜੀਂਦੇ ਯਤਨ।**

ਇਨ੍ਹਾਂ ਦੋ ਮੁੱਦਿਆਂ ਨੂੰ ਲੈ ਕੇ ਅਸਲੀਅਤ ਜਾਣਨਾ ਅਤੇ ਅੰਕੜੇ ਇਕੱਠੇ ਕਰਨਾ। ਇਸ ਦੇ ਨਾਲ ਹੀ ਅੜਚਣਾਂ ਅਤੇ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕਰਨਾ, ਖਾਸ ਕਰਕੇ,

- ਸਮੁੱਚੀ ਸਿੱਖਿਆ ਪ੍ਰਣਾਲੀ ਵਿੱਚ ਮਾਤਭਾਸ਼ਾ ਦੀ ਮਹੱਤਤਾ,
- "ਗਿਆਨ-ਵਿਗਿਆਨ ਦੇ ਵਿਸ਼ਿਆਂ ਨੂੰ ਲੈ ਕੇ 'ਮਾਧਿਅਮ ਪਰਿਵਰਤਨ' ਲਈ ਚਣੌਤੀਆਂ ਅਤੇ ਸਮੱਸਿਆਵਾਂ" ਪੰਯੂਪ ਵਿਖੇ ਮੁੱਖ ਕਾਰਜਸ਼ਾਲਾ (ਵਰਕਸ਼ਾਪ) ਆਯੋਜਿਤ ਕਰਨਾ,
- 'ਮਾਧਿਅਮ ਪਰਿਵਰਤਨ' ਦੇ ਵਿਸ਼ੇ ਬਾਰੇ ਹੋਰ ਵਿਸ਼ੇਸ਼ੱਗਾਂ ਦੀ ਰਾਇ ਲੈਣ ਲਈ ਇਹੋ ਵਰਕਸ਼ਾਪ 'ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ', 'ਗੁਰੂ ਨਾਨਕ ਇੰਜੀਨੀਰਿੰਗ ਕਾਲਜ, ਲੁਧਿਆਣਾ' ਵਿਖੇ ਕਰਨੀ,
- ਪੰਜਾਬੀ ਭਾਸ਼ਾ ਨੂੰ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਵਿੱਚ ਲਾਗੂ ਕਰਨ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਇਕੱਠੀ ਕਰਨੀ,
- 'ਭਾਸ਼ਾ ਵਿਭਾਗ, ਪਟਿਆਲਾ' ਨਾਲ ਵਿਚਾਰ ਵਿਮਰਸ਼ ਰਚਾਉਣਾ,
- ਪੰਜਾਬ ਸਿੱਖਿਆ ਮੰਤਰੀ ਨਾਲ ਮੁਲਾਕਾਤ (ਭਾਰਤ ਸਰਕਾਰ ਦੀ ਸਿੱਖਿਆ ਨੀਤੀ ਅਨੁਸਾਰ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਬਾਰੇ ਪੰਜਾਬ ਸਰਕਾਰ ਦੇ ਉਪਰਾਲੇ)
- ਮੁੱਖ ਮੰਤਰੀ, ਪੰਜਾਬ ਨਾਲ ਮੁਲਾਕਾਤ (ਪੰਜਾਬੀ ਨੂੰ ਸਰਕਾਰ ਦੀ ਕਾਰਗੁਜ਼ਾਰੀ ਦੀ ਭਾਸ਼ਾ ਬਣਾਉਣ ਵਿੱਚ ਆ ਰਹੀਆਂ ਅੜਚਣਾਂ ਬਾਰੇ ਵਿਚਾਰ ਵਟਾਂਦਰਾ ਕਰਨਾ)

# 3 ਪ੍ਰਤੀਨਿਧ ਮੰਡਲ ਦੀ ਬਣਤਰ

ਇਸ ਪ੍ਰਤਿਨਿਧ ਮੰਡਲ ਵਿੱਚ ਵਿਭਿੰਨ ਵਿਸ਼ਿਆਂ ਦੇ ਮਾਹਰ ਅਤੇ ਤਜਰਬੇਕਾਰ ਲੋਕ ਸ਼ਾਮਲ ਕੀਤੇ ਜਾਣਗੇ, ਜਿਵੇਂ ਹੇਠਾਂ ਦਿੱਤੀ ਸਾਰਣੀ ਵਿੱਚ ਪੇਸ਼ ਕੀਤਾ ਗਿਆ ਹੈ:

| **ਵਿਸ਼ਾ** | **ਮਾਹਰ** |
|---|---|
| ਪੰਜਾਬੀ ਵਿਕਾਸ ਮੰਚ, ਯੂ ਕੇ | ਡਾ. ਬਲਦੇਵ ਸਿੰਘ ਕੰਦੋਲਾ, ਸ਼ਿੰਦਰਪਾਲ ਸਿੰਘ, ਸਰਦੂਲ ਸਿੰਘ ਮਾਰਵਾ, ਮਨਮੋਹਣ ਸਿੰਘ ਮਹੇੜੂ |
| ਸਿੱਖਿਆ ਦੇ ਮਾਹਰ/ਤਜਰਬੇਕਾਰ | ਬਲਵਿੰਦਰ ਕੌਰ, ਨਾਰਵੇ; ਡਾ ਉਪਿੰਦਰਜੀਤ ਕੌਰ ਤੱਖਰ, ਯੂ.ਕੇ.; ਸਾਧੂ ਸਿੰਘ ਬਿਨਿੰਗ, ਕਨੇਡਾ; ਕੁਲਵੰਤ ਕੌਰ ਢਿੱਲੋਂ, ਯੂ ਕੇ; ਇਕਬਾਲ ਮਾਹਲ, ਕਨੇਡਾ |
| ਵਿਗਿਆਨ-ਪ੍ਰਉਦਯੋਗਿਕੀ | ਡਾ. ਕਰਨੈਲ ਸਿੰਘ ਸ਼ੇਰਗਿੱਲ, ਡਾ. ਮਹਿੰਦਰ ਸਿੰਘ ਗਿੱਲ |
| ਸਿੱਖਿਆ ਨੀਤੀ | ਡਾ. ਪ੍ਰੀਤਮ ਸਿੰਘ, ਆਕਸਫੋਰਡ ਬਰੁਕਸ ਯੂਨੀਵਰਸਿਟੀ |

# 4 ਪੰਜਾਬ ਵਿੱਚ ਵਿਸਤ੍ਰਿਤ ਸਰਗਰਮੀਆਂ

ਪ੍ਰਤੀਨਿਧ ਮੰਡਲ ਦੀਆਂ ਪੰਜਾਬ ਭਰ ਵਿੱਚ ਸਰਗਰਮੀਆਂ ਇਸ ਪ੍ਰਕਾਰ ਹੋਣਗੀਆਂ:

1. 'ਮਾਧਿਅਮ ਪਰਿਵਰਤਨ ਕਾਰਜਕਰਨੀ ਕਮੇਟੀ' ਦੀ ਸਥਾਪਨਾ,
2. ਵਰਕਸ਼ਾਪ 1: 'ਸਿੱਖਿਆ ਮਾਧਿਅਮ ਪਰਿਵਰਤਨ ਲਈ ਚੁਣੌਤੀਆਂ ਅਤੇ ਸੰਭਵਨਾਵਾਂ',

3. ਵਰਕਸ਼ਾਪ 2: ਰਾਜ ਭਾਸ਼ਾ ਕਾਨੂੰਨ ਤੇ ਸਰਕਾਰੀ ਦਫ਼ਤਰਾਂ 'ਚ ਪੰਜਾਬੀ ਲਾਗੂ ਕਰਨ ਦੇ ਰਾਹ ਵਿੱਚ ਸਰਕਾਰ ਨੂੰ ਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ,
4. ਪੰਜਾਬ ਸਰਕਾਰ ਨਾਲ ਮੀਟਿੰਗਾਂ।

## 4.1 'ਮਾਧਿਅਮ ਪਰਿਵਰਤਨ ਕਾਰਜਕਰਨੀ ਕਮੇਟੀ' ਦੀ ਸਥਾਪਨਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਯੂਪ) ਦੇ ਵਰਤਮਾਨ ਉਪ ਕੁਲਪਤੀ, ਡਾ: ਅਰਵਿੰਦ ਜੀ ਦੀ ਅਗਵਾਈ ਥੱਲੇ 'ਮਾਧਿਅਮ ਪਰਿਵਰਤਨ ਕਾਰਜਕਰਨੀ ਕਮੇਟੀ' ਦੀ ਸਥਾਪਨਾ ਕੀਤੀ ਜਾਵੇਗੀ। ਆਰੰਭ ਵਿੱਚ ਇਸ ਦੇ ਮੈਂਬਰ 'ਪੰਯੂਪ' ਦੇ ਵਿੱਦਿਅਕ ਵਿਭਾਗਾਂ ਦੇ ਮੁਖੀ ਹੋਣਗੇ। ਪੰਜਾਬ ਭਰ ਦੀਆ ਹੋਰ ਸੰਸਥਾਵਾਂ ਅਤੇ ਵਿੱਦਿਅਕ ਅਦਾਰਿਆਂ ਵਿੱਚੋਂ ਵੀ ਮੈਂਬਰ ਸ਼ਾਮਲ ਕੀਤੇ ਜਾਣਗੇ। ਇਸ ਕਮੇਟੀ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹੋਣਗੇ:-

1. "ਮਾਧਿਅਮ ਪਰਿਵਰਤਨ" ਸਰਗਰਮੀਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਦੀ ਸ਼ੁਰੂਆਤ ਅਤੇ ਪੈਰਵੀ (ਅਨੁਸਰਣ) ਕਰਨਾ,
2. ਹਰ ਅਧਿਆਪਨ ਵਿਸ਼ੇ ਦੀਆਂ ਤਕਨੀਕੀ ਸ਼ਬਦਾਵਲੀਆਂ ਦਾ ਡੇਟਾਬੇਸ (ਅੰਕੜਾਨਿਧਿ) ਤਿਆਰ ਕਰਨਾ,
3. ਇੱਕ ਸਰਵਵਿਆਪਕ 'ਮਹਾਂਸ਼ਬਦਾਵਲੀ' ਦਾ ਡੇਟਾਬੇਸ ਤਿਆਰ ਕਰਨਾ ਜਿਸ ਵਿੱਚ ਸਾਰੇ (ਤਕਨੀਕੀ ਅਤੇ ਗੈਰ-ਤਕਨੀਕੀ) ਪੰਜਾਬੀ ਦੇ ਸ਼ਬਦ ਸ਼ਾਮਲ ਹੋਣਗੇ। ਹਰ ਮੱਦ (ਇੰਦਰਾਜ) ਦੇ 'ਦਖਲ ਖੇਤਰ' ਇਕਸਾਰ (ਸੁਸੰਗਤ) ਹੋਣਗੇ। ਨਕਲ-ਚੇਪੀ ਤੋਂ ਗੁਰੇਜ਼ ਕੀਤਾ ਜਾਵੇਗਾ,
4. 'ਵਿਗਿਆਨ ਤੇ ਤਕਨੀਕੀ ਸ਼ਬਦਾਵਲੀ ਆਯੋਗ' ('ਵਿਤਸ਼ਆ') ਦੇ ਸਹਿਯੋਗ ਨਾਲ ਉਨ੍ਹਾਂ ਤੋਂ ਤਕਨੀਕੀ ਸ਼ਬਦਾਵਲੀਆਂ 'ਤੇ ਹੁਣ ਤੱਕ ਹੋਏ ਕੰਮ ਦੀਆਂ ਡੇਟਾਬੇਸ ਫਾਈਲਾਂ ਹਾਸਲ ਕੀਤੀਆਂ ਜਾਣਗੀਆਂ,
5. 'ਵਿਤਸ਼ਆ' ਦੀਆਂ ਸ਼ਬਦਾਵਲੀਆਂ ਨੂੰ 'ਵਰਕਸ਼ਾਪ' ਰਾਹੀਂ ਪੰਜਾਬੀ ਲਈ ਅਨੁਕੂਲ ਬਣਾਇਆ ਜਾਵੇਗਾ,
6. ਅਧਿਆਪਕਾਂ ਦੀ ਮਦਦ ਲਈ, ਹਰ ਵਿਸ਼ੇ ਤੇ ਕਿਤਾਬਾਂ ਅਤੇ ਲੈਕਚਰ ਨੋਟ ਲਿਖਣ ਲਈ ਵਿਯੁਕਤ (offline) ਸ਼ਬਦਾਵਲੀ ਡੇਟਾਬੇਸ ਤਿਆਰ ਕੀਤਾ ਜਾਵੇਗਾ,
7. ਸੁਧਾਰਿਆ 'ਮਹਾਨ ਕੋਸ਼' ਦਾ ਡੇਟਾਬੇਸ ਤਿਆਰ ਕੀਤਾ ਜਾਵੇਗਾ ਤਾਂ ਕਿ 'ਸ਼ਬਦ-ਭਾਲ' ਨੂੰ ਸੌਖਾ ਕੀਤਾ ਜਾ ਸਕੇ। ਇਹ ਇਸ ਲਈ ਕਿਉਂਕਿ 'ਮਹਾਨਕੋਸ਼' ਵਿੱਚ ਵਰਤੇ ਗਏ ਸ਼ਬਦ-ਜੋੜ (ਜਿਵੇਂ 'ਗਿਆਨ' ਲਈ 'ਗ੍ਯਾਨ' ਆਦਿ) ਅਲਗ ਵਰਤੇ ਗਏ ਹਨ। ਇਸ ਤੋਂ ਵੀ ਉਪਰੰਤ ਕਈ ਅੱਖਰ ਇਹੋ ਜਿਹੇ ਵਰਤੇ ਗਏ ਹਨ ਜੋ ਅਜੋਕੀ ਗੁਰਮਖੀ ਦਾ ਹਿੱਸਾ ਨਹੀਂ ਹਨ। ਇਸ ਸਮੱਸਿਆ ਦਾ ਹੱਲ ਜ਼ਰੂਰੀ ਹੈ,
8. ਅਧਿਆਪਕਾਂ ਨੂੰ ਪੰਜਾਬੀ ਵਿੱਚ 'ਲੈਕਚਰ ਨੋਟ' ਤਿਆਰ ਕਰਨ ਲਈ ਉਤਸ਼ਾਹਤ ਕਰਨਾ ਤਾਂ ਕਿ ਇਨ੍ਹਾਂ ਦੇ ਆਧਾਰ ਤੇ ਉਹ ਆਪਣੇ ਵਿਸ਼ੇ ਤੇ ਪਾਠ ਪੁਸਤਕ ਲਿਖ ਸਕਣ। ਉਨ੍ਹਾਂ ਦੀ ਮਦਦ ਲਈ ਉੱਪਰ ਦੱਸੇ ਡੇਟਾਬੇਸ ਉਪਲਬਧ ਕਰਾਉਣਾ,
9. ਇੱਥੇ ਇਹ ਹਕੀਕਤ ਪਛਾਣਨ ਦੀ ਵੀ ਲੋੜ ਹੈ ਕਿ 'ਮਾਧਿਅਮ ਪਰਿਵਰਤਨ' ਦੇ 'ਸੰਕ੍ਰਮਕ ਪੜਾਅ' ਵਿੱਚ ਅੰਗਰੇਜ਼ੀ ਅਤੇ ਪੰਜਾਬੀ ਦੀ ਸਮਾਨੰਤਰ ਵਰਤੋਂ ਦੀ ਲੋੜ ਪਵੇਗੀ ਜਦ ਤੱਕ ਪੰਜਾਬੀ ਸੰਪੂਰਨ ਤੌਰ ਤੇ ਅੰਗਰੇਜ਼ੀ ਨੂੰ ਬਦਲਣ ਦੇ ਕਾਬਲ ਨਹੀਂ ਬਣ ਜਾਂਦੀ। ਇਸ ਵਿਸ਼ੇ ਤੇ ਅਧਿਆਪਕਾਂ ਨੂੰ ਲੋੜੀਂਦੀ ਸਿੱਖਲਾਈ ਮੁਹੱਈਆ ਕਰਨਾ।

## 4.2 ਵਰਕਸ਼ਾਪ 1: 'ਸਿੱਖਿਆ ਮਾਧਿਅਮ ਪਰਿਵਰਤਨ ਲਈ ਚੁਣੌਤੀਆਂ ਅਤੇ ਸੰਭਵਨਾਵਾਂ'

ਸਭ ਤੋਂ ਪਹਿਲਾਂ ਇਹ ਵਰਕਸ਼ਾਪ ਡਾ: ਅਰਵਿੰਦ ਜੀ ਦੇ ਸਹਿਯੋਗ ਨਾਲ ਪੰਯੂਪ ਵਿਖੇ ਲਗਾਈ ਜਾਵੇਗੀ। ਇਸ ਵਰਕਸ਼ਾਪ ਵਿੱਚ ਨਿਮਨਲਿਖਤ ਵਿਸ਼ਿਆਂ ਤੇ ਚਰਚਾ ਕੀਤੀ ਜਾਵੇਗੀ।

1. ਭਾਰਤ ਦੀ ਭਾਸ਼ਾ ਸਮੱਸਿਆ – ਇਤਿਹਾਸਕ ਪਰਿਪੇਖ

2. ਪੰਜਾਬੀ ਮਾਧਿਅਮ ਵਿੱਚ ਸਮੁੱਚੀ ਸਿੱਖਿਆ ਦੀ ਲੋੜ,
3. ਸਿੱਖਿਆ ਪ੍ਰਣਾਲੀ ਵਿੱਚ ਅੰਗਰੇਜ਼ੀ ਦਾ ਬੋਲਬਾਲਾ ਕਿਉਂ?
4. ਮਾਧਿਅਮ ਪਰਿਵਰਤਨ ਨਾਲ ਜੁੜੀਆਂ ਸਮੱਸਿਆਵਾਂ:
    - ਸਮਾਜ ਤੇ ਹਾਵੀ ਸ੍ਰੇਸ਼ਠ ਵਰਗ ਦੀ ਗਿਣੀ ਮਿਥੀ ਸਾਜਿਸ਼,
    - ਰਾਜਨੀਤਕ ਵਰਗ ਨੂੰ ਬਿਆਨਬਾਜ਼ੀ ਤੋਂ ਇਲਾਵਾ ਭਾਸ਼ਾ ਦੇ ਮੁੱਦੇ ਦੀ ਉੱਕੀ ਅਗਿਆਨਤਾ ਅਤੇ ਬੇਸਮਝੀ,
    - ਭਾਸ਼ਾ ਨੂੰ ਧਰਮ ਨਾਲ ਜੋੜਨ ਦੀ ਸਮੱਸਿਆ,
    - ਧਾਰਮਿਕ ਅਦਾਰਿਆਂ ਵਲੋਂ ਅੰਗਰੇਜ਼ੀ ਮਾਧਿਅਮ ਸਕੂਲਾਂ ਦਾ ਧੰਦਾ,
    - ਅੰਗਰੇਜ਼ੀ ਰਾਹੀਂ ਸਮਰਿੱਧ ਵਰਗ ਦਾ ਰਾਜਨੀਤਕ ਗਲਬਾ,
    - ਗੁਣਕਾਰੀ ਪਾਠਪੁਸਤਕਾਂ ਅਤੇ ਪੜ੍ਹਾਈ ਦੀ ਸਮੱਗਰੀ ਦੀ ਥੁੜ,
    - ਜੋ ਪਾਠਪੁਸਤਕਾਂ ਤਿਆਰ ਕੀਤੀਆਂ ਗਈਆਂ ਉਨ੍ਹਾਂ ਦਾ ਕੋਈ ਮਿਆਰ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਢੰਗ ਤਰੀਕੇ ਅਨੁਸਾਰ ਤਿਆਰ ਕੀਤਾ ਗਿਆ ਹੈ,
    - ਵਿਗਿਆਨ ਬਾਰੇ ਅਖਬਾਰਾਂ ਵਿੱਚ ਲਿਖੇ ਲੇਖ ਮਾਧਿਅਮ ਪਰਿਵਰਤਨ ਦਾ ਹਿੱਸਾ ਨਹੀਂ ਬਣਦੇ। ਇਹ ਆਮ ਜਾਣਕਾਰੀ ਤੱਕ ਹੀ ਸੀਮਤ ਰਹਿੰਦੇ ਹਨ।
    - ਅਨੁਵਾਦ ਬਾਰੇ ਗਲਤ ਫਹਿਮੀਆਂ; ਅਨੁਵਾਦ ਸਿਰਫ ਦੋ 'ਵਿਗਿਆਨਕ ਭਾਸ਼ਾਵਾਂ' ਵਿੱਚ ਹੀ ਸੰਭਵ ਹੁੰਦਾ ਹੈ। ਪੰਜਾਬੀ ਅਜੇ ਵਿਗਿਆਨ ਦੀ ਭਾਸ਼ਾ ਨਹੀਂ ਹੈ।
    - ਵਿਗਿਆਨ ਅਤੇ ਤਕਨੀਕੀ ਸ਼ਬਦਾਵਲੀ ਦਾ ਨਿਰਮਾਣ,
    - ਪੰਜਾਬੀ ਭਾਸ਼ਾ ਨਵੇਂ ਸ਼ਬਦ ਕਿਵੇਂ ਘੜਦੀ ਹੈ?
    - 'ਤਕਨੀਕੀ ਸ਼ਬਦਾਵਲੀ' ਮਾਹਰਾਂ ਲਈ ਹੁੰਦੀ ਹੈ, ਆਮ ਆਦਮੀ ਲਈ ਨਹੀਂ,
    - ਸ਼ਾਸਤਰੀ ਭਾਸ਼ਾਵਾਂ ਦਾ ਯੋਗਦਾਨ,
    - ਬੇਤਹਾਸ਼ਾ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਦਾ ਰੁਝਾਨ,
    - ਸੰਸਕ੍ਰਿਤ, ਅਰਬੀ-ਫਾਰਸੀ ਦਾ ਸਵਾਲ,
    - ਵਿਗਿਆਨ ਅਤੇ ਤਕਨੀਕ ਦੇ ਵਿਸ਼ਿਆਂ ਉੱਪਰ ਹੁਣ ਤੱਕ ਲਿਖੀਆਂ ਗਈਆਂ ਪੁਸਤਕਾਂ ਦਾ ਮੁਲਾਂਕਣ,
    - ਪੰਜੂਪ ਦੀ 'ਮਾਧਿਅਮ ਪਰਿਵਰਤਨ' ਅਸਫਲਤਾ ਦੇ ਕਾਰਨ ਅਤੇ ਹੱਲ।
5. ਵਰਕਸ਼ਾਪ ਦਾ ਨਿਰਗਮ: **ਮਾਧਿਅਮ ਪਰਿਵਰਤਨ ਦੀ ਵਿਸਤ੍ਰਿਤ ਯੋਜਨਾ ਅਤੇ ਪ੍ਰੋਗਰਾਮ**। ਇਸ ਦਸਤਾਵੇਜ਼ ਦੇ ਆਧਾਰ ਤੇ ਮਾਧਿਅਮ ਪਰਿਵਰਤਨ ਪ੍ਰੋਗਰਾਮ ਲਾਗੂ ਕੀਤਾ ਜਾਵੇਗਾ।



## 4.3 ਵਰਕਸ਼ਾਪ 2: ਰਾਜ ਭਾਸ਼ਾ ਕਾਨੂੰਨ ਤੇ ਸਰਕਾਰੀ ਦਫ਼ਤਰਾਂ 'ਚ ਪੰਜਾਬੀ ਲਾਗੂ ਕਰਨ ਦੇ ਰਾਹ ਵਿੱਚ ਸਰਕਾਰ ਨੂੰ ਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ

ਇਸ ਵਿਸ਼ੇ ਤੇ ਪਹਿਲੀ ਵਰਕਸ਼ਾਪ 'ਭਾਸ਼ਾ ਵਿਭਾਗ, ਪਟਿਆਲਾ' ਦੇ ਸਹਿਯੋਗ ਨਾਲ ਕਰਾਈ ਜਾਵੇਗੀ। ਵਰਕਸ਼ਾਪ ਵਿੱਚ ਇਨ੍ਹਾਂ ਵਿਸ਼ਿਆਂ ਤੇ ਚਰਚਾ ਹੋਵੇਗੀ:

1. ਰਾਜ ਭਾਸ਼ਾ ਕਾਨੂੰਨ 1967 ਅਤੇ 2008 ਅਤੇ ਇਸ ਦੀਆਂ ਲੋੜਾਂ,
2. ਕਾਨੂੰਨ ਨਾ ਲਾਗੂ ਹੋਣ ਦੇ ਕਾਰਨ ਅਤੇ ਅੜ੍ਹਚਣਾਂ,
3. ਕਾਨੂੰਨਾਂ ਦੇ ਪ੍ਰਮਾਣਿਤ ਅਨੁਵਾਦ ਦੀ ਸਮੱਸਿਆ,
4. ਭਾਸ਼ਾ ਵਿਭਾਗ ਦਾ ਪੁਨਰ-ਗਠਨ ਅਤੇ 'ਅਨੁਵਾਦ ਗਰੁੱਪ' ਦੀ ਸਥਾਪਨਾ,
5. ਪੰਜਾਬੀ ਭਾਸ਼ਾ ਦੀ ਕਾਨੂੰਨੀ ਕੰਮ ਕਾਜ ਕਰਨ ਦੀ ਸਮਰੱਥਾ,
6. ਕਾਨੂੰਨ ਅਤੇ ਪ੍ਰਸ਼ਾਸਨਕ ਖੇਤਰ ਵਿੱਚ ਪਾਠ ਪੁਸਤਕਾਂ ਦੀ ਲੋੜ ('ਮਾਧਿਅਮ ਪਰਿਵਰਤਨ'),
7. ਕਾਨੂੰਨਾਂ ਦੇ ਅਨੁਵਾਦਾਂ ਦੀਆਂ ਮੁਸ਼ਕਲਾਂ ਅਤੇ ਹੱਲ (ਇਹ 'ਮਾਧਿਅਮ ਪਰਿਵਰਤਨ' ਨਾਲ ਸੰਬੰਧ ਰੱਖਦਾ ਹੈ),
8. ਵਰਕਸ਼ਾਪ ਦਾ ਨਿਰਗਮ: **ਪੰਜਾਬੀ ਭਾਸ਼ਾ ਲਾਗੂ ਕਰਨ ਸਬੰਧੀ ਸਿਖਲਾਈ ਕੋਰਸ**। ਕੋਰਸਾਂ ਦੀ ਸੂਚੀ ਵਿੱਚ ਇਹ ਕੋਰਸ ਸ਼ਾਮਲ ਕੀਤੇ ਜਾਣਗੇ,
    a. ਕਾਨੂੰਨਾਂ ਦੇ ਅਨੁਵਾਦ ਕਰਨ ਦੀ ਵਿਧੀ, ਸ਼ਬਦਾਵਲੀ ਅਤੇ ਵਰਤੋਂ,
    b. ਸਰਕਾਰੀ ਦਫਤਰਾਂ ਵਿੱਚ ਪੰਜਾਬੀ ਵਿੱਚ ਕੰਮ-ਕਾਜ ਕਰਨ ਦੀ ਸਿਖਲਾਈ,
    c. ਸੂਚਨਾ ਅਤੇ ਕੰਪਿਊਟਰ ਟੈਕਨਾਲੋਜੀ ਦੀ ਵਰਤੋਂ ਦੀ ਸਿਖਲਾਈ,
    d. ਸਰਕਾਰੀ ਦਫਤਰਾਂ ਵਿੱਚ ਪੰਜਾਬੀ ਦਾ ਮਿਆਰੀ ਕੀਬੋਰਡ ਉਪਲਬਧ ਕਰਾ ਕੇ ਉਸ ਦੀ ਵਰਤੋਂ ਦੀ ਸਿਖਲਾਈ,
    e. ਚਿੱਠੀ-ਪੱਤਰ ਪੰਜਾਬੀ ਵਿੱਚ ਕਰਨ ਅਤੇ ਈਮੇਲ ਕਰਨ ਦੀ ਵਰਤੋਂ ਦੀ ਸਿਖਲਾਈ,
    f. ਗੁਣਵੱਤਾ ਪ੍ਰਮਾਣਨ (Quality Assurance) ਅਤੇ 'ਸੂਚਨਾ ਪ੍ਰਬੰਧਨ' ਦੀ ਸਿਖਲਾਈ,
    g. ਪਰਿਯੋਜਨ ਪ੍ਰਬੰਧਨ (Project Management) ਦੀ ਸਿੱਖਲਾਈ



# 5 ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਪੰਜਾਬ ਨਾਲ ਕਾਰਜਕਾਰੀ ਮੀਟਿੰਗ

ਮੁੱਖ ਕਾਰਜਸ਼ਾਲਾਵਾਂ ('ਵਰਕਸ਼ਾਪ 1' ਅਤੇ 'ਵਰਕਸ਼ਾਪ 2') ਦੇ ਨਤੀਜਿਆਂ ਤੋਂ ਇਹ ਪਤਾ ਲੱਗ ਜਾਵੇਗਾ ਕਿ 'ਰਾਜ ਭਾਸ਼ਾ ਕਾਨੂੰਨ ਲਾਗੂ ਕਰਨ' ਅਤੇ 'ਮਾਧਿਅਮ ਪਰਿਵਰਤਨ' ਪ੍ਰੋਗਰਾਮਾਂ ਵਿੱਚ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਅਤੇ ਚਣੌਤੀਆਂ ਪੇਸ਼ ਆ ਰਹੀਆਂ ਹਨ। ਇਹ ਵੀ ਸਪਸ਼ਟ ਹੋ ਜਾਵੇਗਾ ਕਿ ਇਨ੍ਹਾਂ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਰਕਾਰ ਵਲੋਂ ਕਿੰਨਾ ਨਿਵੇਸ਼ ਅਤੇ ਕਿਹੜੇ ਸ੍ਰੋਤਾਂ ਦੀ ਜ਼ਰੂਰਤ ਹੋਵੇਗੀ। ਇਨ੍ਹਾਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ, ਸ੍ਰੀ ਅਰਵਿੰਦ ਜੀ ਦੀ ਅਗਵਾਈ ਹੇਠ ਸਮੁੱਚੇ ਪਰਵਾਸੀ ਪ੍ਰਤੀਨਿਧ ਮੰਡਲ ਅਤੇ ਹੋਰ ਪ੍ਰਮੁੱਖ ਪੰਜਾਬੀ ਸ਼ਖਸੀਅਤਾਂ ਦੀ 'ਸਾਂਝੀ ਮੀਟਿੰਗ' ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਨਾਲ ਤੈਅ ਕੀਤੀ ਜਾਵੇਗੀ। ਇਸ ਕਾਰਜਕਾਰੀ ਮੀਟਿੰਗ ਦੇ ਉਦੇਸ਼ ਇਸ ਪ੍ਰਕਾਰ ਹੋਣਗੇ:

1. ਸਰਕਾਰ ਵਲੋਂ 'ਰਾਜ ਭਾਸ਼ਾ ਕਾਨੂੰਨ' ਨੂੰ ਲਾਗੂ ਕਰਨ ਲਈ ਸਾਰੇ ਸਰਕਾਰੀ ਦਫਤਰਾਂ ਨੂੰ ਫ਼ੁਰਮਾਨ ਭੇਜਣੇ ਅਤੇ ਪੱਕੀ ਤਰਾਂ ਲਾਗੂ ਕਰਾਉਣੇ। ਸੁਧਾਰ ਕਰਨ ਹਿੱਤ ਮਿੱਥੇ ਸਮੇਂ ਦੀ ਮੁਹਲਤ ਦੇਣੀ। ਅਵੱਗਿਆ ਕਰਨ ਵਾਲ਼ੇ ਹਰ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਨੂੰ ਸਖ਼ਤ ਤਾੜਨਾ ਕਰਨੀ। ਫ਼ੁਰਮਾਨ ਨਾ ਲਾਗੂ ਹੋਣ ਦੀ ਸੂਰਤ ਵਿੱਚ ਲੋੜੀਂਦੀ, ਯੋਗ ਕਾਰਵਾਈ ਕਰਨੀ,
2. ਪੰਜਾਬੀ ਆਧਾਰਤ 'ਸੂਚਨਾ ਅਤੇ ਕੰਪਿਊਟਰ ਟੈਕਨਾਲੋਜੀ' ਨੂੰ ਹਰ ਸਰਕਾਰੀ ਦਫਤਰ ਅਤੇ ਸਿੱਖਿਆ ਅਦਾਰੇ ਵਿੱਚ ਮੁਹੱਈਆ ਕਰਨਾ ਅਤੇ ਸਬੰਧਤ 'ਸਿਖਲਾਈ ਕੋਰਸਾਂ' ਦਾ ਪ੍ਰਬੰਧ ਕਰਨਾ। 'ਰਾਜ ਭਾਸ਼ਾ ਕਾਨੂੰਨ' ਨੂੰ 'ਪ੍ਰਭਾਵਪੂਰਵਕ' ਅਤੇ 'ਦਕਸ਼ਤਾਪੂਰਵਕ' ਢੰਗ ਨਾਲ ਲਾਗੂ ਕਰਨ ਦਾ ਟੈਕਨਾਲੋਜੀ ਹੀ ਇੱਕੋ ਇੱਕ ਸਹੀ ਤਰੀਕਾ ਹੈ,
3. ਸਰਕਾਰੀ ਦਫਤਰਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਵਰਤੇ ਜਾਣ ਵਾਲੇ ਕੰਪਿਊਟਰਾਂ ਅਤੇ ਕੰਪਿਊਟਰ ਸਿਸਟਮਾਂ ਨੂੰ ਪੰਜਾਬੀ ਵਿੱਚ ਬਦਲ ਕੇ ਹਰ ਕੰਪਿਊਟਰ ਨਾਲ ਪੰਜਾਬੀ ਦਾ ਸਰਵਵਿਆਪਕ ਮਿਆਰੀ ਕੀਬੋਰਡ ਮੁਹੱਈਆ ਕਰਾਉਣਾ,
4. ਬਾਕੀ ਦੇਸ਼ਾਂ ਵਾਂਗ, ਕਾਨੂੰਨੀ ਪੱਧਰ 'ਤੇ ਇਹ ਜ਼ਰੂਰੀ ਸਰਕਾਰੀ ਆਦੇਸ਼ ਜਾਰੀ ਕਰਨਾ ਕਿ ਪੰਜਾਬ ਭਰ ਵਿੱਚ ਕੋਈ ਵੀ ਕੰਪਿਊਟਰ ਜਾਂ 'ਅੰਤਰਕਿਰਿਆਤਮਕ ਵਰਤਣਯੋਗ/ਪ੍ਰੋਗਰਾਮਣਯੋਗ ਉਪਕਰਣ' (interactively usable/programmable device) ਪੰਜਾਬੀ ਕੀਬੋਰਡ ਤੋਂ ਬਗੈਰ ਵੇਚਿਆ ਜਾਂ ਵਰਤਿਆ ਨਹੀਂ ਜਾਵੇਗਾ,
5. ਪੰਜਾਬੀ ਭਾਸ਼ਾ ਪ੍ਰਤੀ ਜ਼ਿੰਮੇਵਾਰ ਸੱਭਿਆਚਾਰ ਪੈਦਾ ਕਰਨਾ ਤਾਂ ਕਿ ਹਰ ਕੋਈ ਆਪਣਾ ਫ਼ਰਜ਼ ਪਛਾਣੇ। ਕਿਸੇ ਇੱਕ ਅਧਿਕਾਰੀ ਜਾਂ ਕਰਮਚਾਰੀ ਸਿਰ ਦੋਸ਼ ਮੜ੍ਹਨ ਦੀ ਬਜਾਇ ਕਨੂੰਨ ਲਾਗੂ ਨਾ ਕਰਨ ਵਾਲ਼ੇ ਸਿਸਟਮ ਦੀਆਂ ਘਾਟਾਂ ਦੀ ਜਾਂਚ ਕਰਕੇ ਸਹੀ ਪਛਾਣ ਕਰਨੀ ਅਤੇ ਆਖ਼ਰ ਸਿਸਟਮ ਨੂੰ ਬਦਲਣ ਦੇ ਰਾਹ ਲੱਭਣੇ,
6. **'ਕੋਈ ਦੋਸ਼ੀ ਨਹੀਂ'** ਸੱਭਿਆਚਾਰ ਪੈਦਾ ਕਰਨਾ, ਭਾਵ ਕਰਮਚਾਰੀਆਂ ਨੂੰ 'ਰਾਜ ਭਾਸ਼ਾ ਕਾਨੂੰਨ' ਦੀ ਨਾ ਪਾਲਣਾ ਕਰ ਸਕਣ 'ਤੇ ਜੁਰਮਾਨਾ ਲਗਾਉਣ ਦੀ ਵਿਚਾਰਧਾਰਾ ਨੂੰ ਖਤਮ ਕਰਨਾ। ਇਹੋ ਜਿਹੀ ਧਾਰਨਾ ਨੂੰ ਪੱਕਿਆ ਕਰਨਾ ਕਿ ਦੋਸ਼ ਵਿਅਕਤੀਗਤ ਕਰਮਚਾਰੀਆਂ ਦਾ ਨਹੀਂ ਬਲਕਿ ਲਾਗੂ ਕਰਨ ਵਾਲੇ ਸਿਸਟਮ ਦਾ ਹੈ। ਇਸ ਲਈ ਸਿਸਟਮ ਨੂੰ ਬਦਲਨਾ,
7. ਸਰਕਾਰ ਵਲੋਂ 'ਰਾਜ ਭਾਸ਼ਾ ਕਾਨੂੰਨ' ਨੂੰ ਲਾਗੂ ਕਰਨ ਲਈ ਲੋੜੀਂਦੀ ਸਿੱਖਲਾਈ ਅਤੇ ਸ੍ਰੋਤਾਂ ਦਾ ਪ੍ਰਬੰਧ ਕਰਨਾ,
8. 'ਭਾਸ਼ਾ ਵਿਭਾਗ' ਨੂੰ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਲਈ ਲੋੜੀਂਦੇ ਸ੍ਰੋਤ ਪ੍ਰਦਾਨ ਕਰਨਾ,
9. 'ਪੰਜਾਬੀ ਯੂਨੀਵਰਸਿਟੀ, ਪਟਿਆਲਾ' ਵਿਖੇ 'ਸਿੱਖਿਆ ਮਾਧਿਅਮ ਪਰਿਵਰਤਨ ਕੇਂਦਰ' ਦੀ ਸਥਾਪਨਾ ਕਰਨਾ,
10. 'ਪੰਜਾਬੀ ਯੂਨੀਵਰਸਿਟੀ, ਪਟਿਆਲਾ' ਵਿਖੇ'ਮਾਧਿਅਮ ਪਰਿਵਰਤਨ ਕਾਰਜਕਰਨੀ ਕਮੇਟੀ' ਦੀ ਸਥਾਪਨਾ ਕਰਨਾ,
11. 'ਮਾਧਿਅਮ ਪਰਿਵਰਤਨ' ਦਾ ਨਿਯਮਬੱਧ ਅਤੇ ਸਮਾਂ-ਸੀਮਾਬੱਧ ਪ੍ਰੋਗਰਾਮ ਉਲੀਕਣਾ ਅਤੇ ਸਥਾਪਤ ਕਰਨਾ,
12. ਮਾਧਿਅਮ ਪਰਿਵਰਤਨ ਲਈ ਲੋੜੀਂਦਾ 'ਅਧਿਆਪਨ ਸਾਹਿਤ' ਪੈਦਾ ਕਰਨ ਲਈ ਵਸੀਲੇ ਮੁਹੱਈਆ ਕਰਨਾ।

ਇਨ੍ਹਾਂ ਮੁੱਦਿਆਂ ਅਤੇ ਉਦੇਸ਼ਾਂ ਨੂੰ ਮੁੱਖ ਰੱਖਦੇ ਹੋਏ 'ਪੰਜਾਬੀ ਵਿਕਾਸ ਮੰਚ ਯੂਕੇ' ਵਲੋਂ ਇੱਕ ਸਚਿੱਤਰ ਕੰਪਿਊਟਰ ਪੇਸ਼ਕਾਰੀ ਪ੍ਰਸਤੁਤ ਕੀਤੀ ਜਾਵੇਗੀ ਜਿਸ ਵਿੱਚ ਉੱਪਰ ਦਿੱਤੇ ਮਸਲਿਆਂ ਦੀ ਚਰਚਾ ਕਰਨ ਦੇ ਨਾਲ ਨਾਲ ਸੰਭਵ ਹੱਲ ਵੀ ਸੁਝਾਏ ਜਾਣਗੇ

ਤਾਂ ਕਿ ਨਿਰਣਾਕਾਰੀ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਇਨ੍ਹਾਂ ਦੀ ਸਾਧਿਅਤਾ ਉੱਪਰ ਸਾਰਥਕ ਚਰਚਾ ਹੋ ਸਕੇ ਜਾਂ ਫੈਸਲੇ ਲਏ ਜਾ ਸਕਣ। ਇੱਥੇ ਇਹ ਅਹਿਸਾਸ ਕਰਨਾ ਜ਼ਰੂਰੀ ਹੈ ਕਿ ਜਿਸ ਦੌਰ ਵਿੱਚ ਦੀ ਅਸੀਂ ਗੁਜ਼ਰ ਰਹੇ ਹਾਂ ਇਨ੍ਹਾਂ ਇਤਿਹਾਸਕ ਮੁੱਦਿਆਂ ਉੱਪਰ ਇਤਿਹਾਸਕ ਫੈਸਲੇ ਲੈਣਾ ਬਹੁਤ ਜ਼ਰੂਰੀ ਹੈ ਕਿਉਂਕਿ ਸਦੀਆਂ ਤੋਂ ਲਤਾੜੇ ਦੇਸ਼ ਅਤੇ ਕੌਮ ਦਾ ਭਵਿੱਖ ਦਾਅ ਤੇ ਲੱਗਾ ਹੋਇਆ ਹੈ। 'ਚਿੜੀਆਂ ਤੋਂ ਬਾਜ਼ ਤੁੜਾਉਂਦੇ' ਹੋਏ 'ਸ਼ੁੱਭ ਕਰਮਨ' ਤੋਂ ਥਿੜਕਣ ਦਾ ਬਦਲ ਸਾਡੇ ਕੋਲ ਨਹੀਂ ਹੈ।

# 6 ਫੇਰੀ ਦੀ ਰੂਪ ਰੇਖਾ ਅਤੇ ਪ੍ਰੋਗਰਾਮ

ਪੰਜਾਬ ਫੇਰੀ ਦਾ ਪ੍ਰਸਤਾਵਤ ਅਸਥਾਈ ਪ੍ਰੋਗਰਾਮ ਇਸ ਪ੍ਰਕਾਰ ਹੋਵੇਗਾ। ਇਹ ਪ੍ਰੋਗਰਾਮ ਮੌਕੇ ਦੇ ਹਾਲਾਤਾਂ ਅਨੁਸਾਰ ਬਦਲਿਆ ਵੀ ਜਾ ਸਕੇਗਾ।

| **ਮਿਤੀ** | **ਸਰਗਰਮੀਆਂ** |
|---|---|
| **ਸ਼ੁੱਕਰਵਾਰ 4 ਨਵੰਬਰ 2022** | ਵਰਕਸ਼ਾਪ 2, ਭਾਸ਼ਾ ਵਿਭਾਗ, ਪਟਿਆਲਾ<br>"ਰਾਜ ਭਾਸ਼ਾ ਕਾਨੂੰਨ ਤੇ ਸਰਕਾਰੀ ਦਫ਼ਤਰਾਂ 'ਚ ਪੰਜਾਬੀ ਲਾਗੂ ਕਰਨ ਦੇ ਰਾਹ ਵਿੱਚ ਸਰਕਾਰ ਨੂੰ ਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ" |
| **ਮੰਗਲਵਾਰ 8 ਨਵੰਬਰ 2022** | ਵਰਕਸ਼ਾਪ 1, ਪੰਯੂਪ, ਪਟਿਆਲਾ<br>'ਸਿੱਖਿਆ ਮਾਧਿਅਮ ਪਰਿਵਰਤਨ ਲਈ ਚੁਣੌਤੀਆਂ ਅਤੇ ਸੰਭਵਨਾਵਾਂ' |
| **ਸ਼ੁੱਕਰਵਾਰ 11 ਨਵੰਬਰ 2022** | ਵਰਕਸ਼ਾਪ 1, ਗੁਰੂ ਨਾਨਕ ਦੇਵ ਯੂਨੀਵਰਸਿਟੀ (ਗੁਨਾਦੇਯੂ), ਅੰਮ੍ਰਿਤਸਰ<br>'ਸਿੱਖਿਆ ਮਾਧਿਅਮ ਪਰਿਵਰਤਨ ਲਈ ਚੁਣੌਤੀਆਂ ਅਤੇ ਸੰਭਵਨਾਵਾਂ' |
| **ਮੰਗਲਵਾਰ 22 ਨਵੰਬਰ 2022** | ਵਰਕਸ਼ਾਪ 1, ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ + ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ<br>'ਸਿੱਖਿਆ ਮਾਧਿਅਮ ਪਰਿਵਰਤਨ ਲਈ ਚੁਣੌਤੀਆਂ ਅਤੇ ਸੰਭਵਨਾਵਾਂ' |
| 23 – 24 ਨਵੰਬਰ 2022 | ਮੁੱਖ ਮੰਤਰੀ, ਪੰਜਾਬ ਅਤੇ ਸਿੱਖਿਆ ਮੰਤਰੀ, ਪੰਜਾਬ ਨਾਲ ਮੀਟਿੰਗ। 'ਪੰਜਾਬੀ ਵਿਕਾਸ ਮੰਚ ਯੂਕੇ' ਦੀ ਪੇਸ਼ਕਾਰੀ ('ਪਾਵਰ ਪੁਆਇੰਟ') |
| 24 – 25 ਨਵੰਬਰ 2022 | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨਾਲ ਮੀਟਿੰਗ |
| 25 – 26 ਨਵੰਬਰ 2022 | ਵਰਕਸ਼ਾਪ 1, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ<br>'ਸਿੱਖਿਆ ਮਾਧਿਅਮ ਪਰਿਵਰਤਨ ਲਈ ਚੁਣੌਤੀਆਂ ਅਤੇ ਸੰਭਵਨਾਵਾਂ' |
| 26-27 ਨਵੰਬਰ 2022 | ਫੇਰੀ ਦੇ ਪ੍ਰਭਾਵਾਂ ਬਾਰੇ ਪੰਯੂਪ ਨਾਲ਼ ਸਾਂਝੀ ਪ੍ਰੈੱਸ ਕਾਨਫ਼ਰੰਸ ਕਰਨੀ |